# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ

**ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਸਿੱਖਿਆ ਭਵਨ**

**ਚੌਥੀ ਮੰਜਿਲ, ਐਸ.ਏ.ਐਸ. ਨਗਰ**

**(ਸੈਕੰਡਰੀ ਸਿੱਖਿਆ ਸਾਖਾ)**

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ)
ਪੰਜਾਬ ।

ਮੀਮੋ ਨੰ. 440285 – 2023 ਸੈਸਿ (2)/202321334
ਮਿਤੀ ਸ.ਅ.ਸ ਨਗਰ 24/1/2023

ਵਿਸ਼ਾ :- ਗਣਤੰਤਰਤਾ ਦਿਵਸ - 26 ਜਨਵਰੀ, 2023 ਮਨਾਉਣ ਬਾਰੇ ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਪੰਜਾਬ ਸਰਕਾਰ ਆਮ ਰਾਜ ਪ੍ਰਬੰਧ ਵਿਭਾਗ (ਰਾਜਨੀਤੀ-1 ਸ਼ਾਖਾ) ਵੱਲੋਂ ਪ੍ਰਾਪਤ ਪੱਤਰ ਨੰਬਰ GAD-POLOCELB/4/2019-I POL-1 (P.F.2)/9 ਮਿਤੀ 04.01.2023 ਦੀ ਕਾਪੀ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਸ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ ।

ਸਹਾਇਕ ਡਾਇਰੈਕਟਰ (ਸੈਸਿ)

1968667/2023/SECONDARY EDUCATION-DPISE

ਪੰਜਾਬ ਸਰਕਾਰ
ਆਮ ਰਾਜ ਪ੍ਰਬੰਧ ਵਿਭਾਗ
(ਰਾਜਨੀਤੀ-1 ਸ਼ਾਖਾ )

ਸੇਵਾ ਵਿਖੇ,

1. ਪੰਜਾਬ ਰਾਜ ਦੀਆਂ ਸਾਰੀਆਂ ਡਵੀਜਨਾਂ ਦੇ ਕਮਿਸਨਰਜ਼।
2. ਪੰਜਾਬ ਰਾਜ ਦੇ ਸਾਰੇ ਜਿਲ੍ਹਿਆਂ ਦੇ ਡਿਪਟੀ ਕਮਿਸਨਰਜ਼।

ਮੀਮੋ ਨੰ. GAD-POLOCELB/4/2019-I POL-1(P.F.2)/9
ਮਿਤੀ, ਚੰਡੀਗੜ੍ਹ: 04.01.2023

ਵਿਸ਼ਾ:- ਗਣਤੰਤਰਤਾ ਦਿਵਸ 26 ਜਨਵਰੀ, 2023 ਮਨਾਉਣ ਬਾਰੇ।

ਸ਼੍ਰੀਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਜੀ ਨੂੰ ਸੰਬੋਧਨ ਕਰਨ ਤੇ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਸਰਕਾਰ ਨੇ ਰਾਜ ਵਿੱਚ ਗਣਤੰਤਰਤਾ ਦਿਵਸ, 26 ਜਨਵਰੀ, 2023 ਨੂੰ ਢੁੱਕਵੇਂ ਤੇ ਸ਼ਾਨਦਾਰ ਢੰਗ ਨਾਲ ਮਨਾਉਣ ਦਾ ਫੈਸਲਾ ਕੀਤਾ ਹੈ। ਇਸ ਦਿਵਸ ਸਬੰਧੀ ਸਮਾਗਮ ਨਿਮਨ ਲਿਖਤ ਅਨੁਸਾਰ ਹੋਣਗੇ:-

(ੳ) ਪੰਜਾਬ ਦੇ ਰਾਜਪਾਲ ਜੀ ਜਿਲ੍ਹਾ ਜਲੰਧਰ ਵਿਖੇ ਰਾਜ ਪੱਧਰ ਦੇ ਹੋਣ ਵਾਲੇ ਸਮਾਗਮ ਵਿੱਚ ਸਵੇਰ ਦੇ ਸਮੇਂ ਰਾਸ਼ਟਰੀ ਝੰਡਾ ਲਹਿਰਾਉਣ ਅਤੇ ਸਲਾਮੀ ਲੈਣ ਦੀ ਰਸਮ ਅਦਾ ਕਰਨਗੇ। ਇਸ ਦਿਵਸ ਤੇ ਮੁੱਖ ਮੰਤਰੀ ਪੰਜਾਬ ਜੀ ਜਿਲ੍ਹਾ ਬਠਿੰਡਾ ਵਿਖੇ ਰਾਸ਼ਟਰੀ ਝੰਡਾ ਲਹਿਰਾਉਣ ਅਤੇ ਸਲਾਮੀ ਲੈਣ ਦੀ ਰਸਮ ਅਦਾ ਕਰਨਗੇ। ਹੋਰ ਮੰਤਰੀ ਸਾਹਿਬਾਨ ਜਿਹੜੇ-ਜਿਹੜੇ ਮੁਕਾਮਾਂ ਤੇ ਝੰਡਾ ਲਹਿਰਾਉਣ ਅਤੇ ਸਲਾਮੀ ਲੈਣ ਦੀ ਰਸਮ ਅਦਾ ਕਰਨਗੇ, ਉਨ੍ਹਾਂ ਦੀ ਸੂਚੀ ਵੱਖਰੇ ਤੌਰ ਤੇ ਭੇਜੀ ਜਾ ਰਹੀ ਹੈ। ਜੇਕਰ ਕਿਸੇ ਕਾਰਨ ਕੋਈ ਮੰਤਰੀ ਮਿੱਥੇ ਮੁਕਾਮ ਤੇ ਨਾ ਪੁੱਜ ਸਕੇ ਤਾਂ ਉਸ ਹਾਲਤ ਵਿੱਚ ਕਮਿਸ਼ਨਰ ਸਦਰ ਮੁਕਾਮਾਂ ਤੇ ਕਮਿਸ਼ਨਰ ਸਾਹਿਬਾਨ, ਜ਼ਿਲ੍ਹਾ ਸਦਰ ਮੁਕਾਮਾਂ ਤੇ ਡਿਪਟੀ ਕਮਿਸ਼ਨਰ ਸਾਹਿਬਾਨ ਅਤੇ ਉਪ-ਮੰਡਲ ਸਦਰ ਮੁਕਾਮਾਂ ਅਤੇ ਤਹਿਸੀਲ ਸਦਰ ਮੁਕਾਮਾਂ ਤੇ ਸਬੰਧਤ ਵਧੀਕ ਡਿਪਟੀ ਕਮਿਸ਼ਨਰ/ਉਪ ਮੰਡਲ ਮੈਜਿਸਟ੍ਰੇਟ/ਤਹਿਸੀਲਦਾਰ ਸਵੇਰੇ ਦੇ ਸਮੇਂ ਝੰਡਾ ਲਹਿਰਾਉਣਗੇ ਅਤੇ ਸਲਾਮੀ ਲੈਣਗੇ।

(ਅ) ਜ਼ਿਲ੍ਹਿਆਂ ਵਿੱਚ ਮਾਰਚ ਪਾਸਟ ਦੀ ਰਸਮ ਵਿਚ ਸਥਾਨਿਕ ਐਨ.ਸੀ.ਸੀ. ਵੀ ਭਾਗ ਲਵੇ।

(ੲ) ਸਭ ਸਰਕਾਰੀ ਇਮਾਰਤਾਂ ਤੇ ਰਾਸ਼ਟਰੀ ਝੰਡਾ ਲਹਿਰਾਇਆ ਜਾਵੇ। ਇਸ ਅਵਸਰ ਤੇ ਜਨਤਾ ਨੂੰ ਆਪਣੇ ਘਰਾਂ ਤੇ ਰਾਸ਼ਟਰੀ ਝੰਡਾ ਲਹਿਰਾਉਣ ਸਬੰਧੀ ਕੋਈ ਪਾਬੰਦੀ ਨਹੀਂ ਹੋਵੇਗੀ।

(ਸ) ਜਿਲ੍ਹਾ ਸਦਰ ਮੁਕਾਮਾਂ ਤੇ ਸਵੇਰ ਦੇ ਸਮੇਂ ਰਾਸ਼ਟਰੀ ਝੰਡਾ ਲਹਿਰਾਉਣ ਦੀ ਰਸਮ ਤੋਂ ਇਲਾਵਾ, ਕਵੀ ਦਰਬਾਰ, ਮੁਸ਼ਾਇਰਿਆਂ ਅਤੇ ਰਾਸ਼ਟਰੀ ਨੇਤਾਵਾਂ ਸਬੰਧੀ ਕੌਮੀ ਕਵਿਤਾਵਾਂ ਤੇ ਗੀਤਾਂ ਤੇ ਗਾਇਨ ਵਰਗੇ ਸਮਾਰੋਹਾਂ ਦਾ ਵੀ ਪ੍ਰਬੰਧ ਕੀਤਾ ਜਾਵੇ। ਸੁਤੰਤਰਤਾ ਅਤੇ ਕੌਮੀ ਰੱਖਿਆ ਸਬੰਧੀ ਕਵਿਤਾਵਾਂ ਅਤੇ ਗੀਤਾਂ ਦਾ ਗਾਇਨ ਇਨ੍ਹਾਂ ਸਮਾਰੋਹ ਦਾ ਇੱਕ ਜਰੂਰੀ ਅੰਗ ਹੋਵੇ।

(ਹ) ਜਿੱਥੋਂ ਤੱਕ ਦਿਹਾਤੀ ਇਲਾਕਿਆਂ ਦਾ ਸਬੰਧ ਹੈ ਹਰ ਤਹਿਸੀਲ ਵਿੱਚ ਕੁੱਝ ਚੋਣਵੀਆਂ ਥਾਵਾਂ ਤੇ ਅਜਿਹੇ ਸਮਾਰੋਹਾਂ ਦਾ ਵੀ ਪ੍ਰਬੰਧ ਕੀਤਾ ਜਾਵੇ। ਇਨ੍ਹਾਂ ਸਮਾਰੋਹਾਂ ਸਬੰਧੀ ਜਰੂਰੀ ਪ੍ਰਬੰਧ ਜਿਲ੍ਹਾ ਲੋਕ ਸੰਪਰਕ ਅਫਸਰਾਂ ਦੀ ਸਹਾਇਤਾ ਨਾਲ ਕੀਤੇ ਜਾਣ।

(ਕ) ਇਸ ਅਵਸਰ ਤੇ ਹਰ ਜ਼ਿਲ੍ਹਾ ਸਦਰ ਮੁਕਾਮ ਤੇ ਸ਼ਾਮ ਦੇ ਸਮੇਂ ਰੀਲੇ ਰੇਸਿਜ਼ ਅਤੇ ਐਗਜ਼ੀ-ਬੀਸ਼ਨ ਮੈਚ ਕਰਵਾਏ ਜਾਣਗੇ। ਇਸ ਸਬੰਧੀ ਸਾਰੇ ਪ੍ਰਬੰਧ ਖੇਡ ਤੇ ਸਿੱਖਿਆ ਵਿਭਾਗ ਵੱਲੋਂ ਕੀਤੇ ਜਾਣਗੇ।

2. ਰਾਜਪਾਲ ਪੰਜਾਬ ਜੀ, ਮੁੱਖ ਮੰਤਰੀ ਪੰਜਾਬ ਜੀ, ਸਪੀਕਰ ਸਾਹਿਬ, ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਅਤੇ ਮੰਤਰੀ ਸਾਹਿਬਾਨ ਦੇ ਝੰਡਾ ਲਹਿਰਾਉਣ ਅਤੇ ਸਲਾਮੀ ਲੈਣ ਦੇ ਪ੍ਰੋਗਰਾਮਾਂ ਦੇ ਵੇਰਵੇ ਬਾਰੇ ਸੂਚਨਾ ਤਤਕਾਲ ਹੀ ਉਨ੍ਹਾਂ ਦੇ ਸਕੱਤਰ/ਨਿੱਜੀ ਸਕੱਤਰ ਸਾਹਿਬਾਨ ਨੂੰ ਭੇਜ ਦਿੱਤੀ ਜਾਵੇ।

3. ਇਸ ਦੀ ਪਹੁੰਚ ਰਸੀਦ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ।

(ਹਰਨੇਕ ਸਿੰਘ)
ਅਧੀਨ ਸਕੱਤਰ, ਪ੍ਰੋਟੋਕੋਲ

ਨੰ. GAD-POLOCELB/4/2019-I POL-1(P.F.2)/10 ਮਿਤੀ, ਚੰਡੀਗੜ੍ਹ:05.01.2023

ਇਸ ਦੀ ਇੱਕ ਕਾਪੀ ਸਾਰੇ ਵਿਭਾਗਾਂ ਦੇ ਮੁੱਖੀਆਂ, ਪੰਜਾਬ ਦੇ ਜਿਲ੍ਹਾ ਤੇ ਸੈਸ਼ਨ ਜੱਜਾਂ, ਪੰਜਾਬ ਦੇ ਸਾਰੇ ਉਪ ਮੰਡਲ ਅਫਸਰਾਂ (ਸਿਵਲ)/ਤਹਿਸੀਲਦਾਰਾਂ ਅਤੇ ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

**ਡਾਇਰੈਕਟਰ, ਸਿੱਖਿਆ ਵਿਭਾਗ ਅਤੇ ਡਾਇਰੈਕਟਰ, ਖੇਡਾਂ ਵਿਭਾਗ, ਪੰਜਾਬ ਲਈ:-** ਸਬੰਧਤ ਅਧਿਕਾਰੀਆਂ ਨੂੰ ਲੋੜੀਂਦੀਆਂ ਹਦਾਇਤਾਂ ਜਾਰੀ ਕਰ ਦਿੱਤੀਆਂ ਜਾਣ ਅਤੇ ਸਕੂਲਾਂ ਕਾਲਜਾਂ ਵਿੱਚ ਵਿਸ਼ੇਸ ਸਮਾਗਮ ਮਨਾਉਣ ਦੇ ਇੰਤਜ਼ਾਮ ਕੀਤੇ ਜਾਣ। ਇਸ ਅਵਸਰ ਤੇ ਰੀਲੇ ਰੇਸਿਜ਼ ਅਤੇ ਐਗਜ਼ੀਬੀਸ਼ਨ ਮੈਚ ਕਰਵਾਉਣ ਸਬੰਧੀ ਪੂਰੀ ਜਾਣਕਾਰੀ ਸਕੱਤਰ, ਪੰਜਾਬ ਸਰਕਾਰ, ਸਿੱਖਿਆ ਵਿਭਾਗ ਤੋਂ ਪ੍ਰਾਪਤ ਕਰਕੇ ਇਨ੍ਹਾਂ ਲਈ ਜ਼ਰੂਰੀ ਪ੍ਰਬੰਧ, ਆਦਿ ਵੀ ਸਮੇਂ ਸਿਰ ਮੁਕੰਮਲ ਕਰ ਲਏ ਜਾਣ।

**ਕੇਵਲ ਡਾਇਰੈਕਟਰ, ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ ਲਈ :-** ਸਬੰਧਤ ਅਧਿਕਾਰੀਆਂ ਨੂੰ ਲੋੜੀਂਦੀਆਂ ਹਦਾਇਤਾਂ ਜਾਰੀ ਕਰ ਦਿੱਤੀਆਂ ਜਾਣ ਅਤੇ ਪ੍ਰੋਗਰਾਮ ਦਾ ਵੱਧ ਤੋਂ ਵੱਧ ਪ੍ਰਚਾਰ ਕੀਤਾ ਜਾਵੇ।

**ਜਿਲ੍ਹਾ ਸਦਰ ਮੁਕਾਮਾਂ ਤੇ ਨਿਯੁਕਤ ਉਪ-ਮੰਡਲ ਅਫਸਰਾਂ (ਸਿਵਲ) ਤੋਂ ਇਲਾਵਾ ਬਾਕੀ ਦੇ ਸਾਰੇ ਉਪ ਮੰਡਲ ਅਫਸਰਾਂ (ਸਿਵਲ) ਤੇ ਤਹਿਸੀਲਦਾਰਾਂ ਲਈ :-** ਉਹ ਆਪਣੇ ਉਪ-ਮੰਡਲਾਂ/ਤਹਿਸੀਲਾਂ ਦੇ ਸਦਰ ਮੁਕਾਮਾਂ ਤੇ ਢੁਕਵੇਂ ਸਮਾਰੋਹਾਂ ਦਾ ਪ੍ਰਬੰਧ ਕਰਨ।

**ਕੇਵਲ ਡਾਇਰੈਕਟਰ ਜਨਰਲ ਆਫ ਪੁਲਿਸ, ਪੰਜਾਬ ਲਈ :-**ਕ੍ਰਿਪਾ ਕਰਕੇ ਸਾਰੇ ਸਥਾਨਾਂ ਤੇ ਲੋੜੀਂਦੀ ਪੁਲਿਸ ਦਾ ਪ੍ਰਬੰਧ ਕੀਤਾ ਜਾਵੇ।

(ਹਰਨੇਕ ਸਿੰਘ)
ਅਧੀਨ ਸਕੱਤਰ, ਪ੍ਰੋਟੋਕੋਲ

ਨੰ. GAD-POLOCELB/4/2019-I POL-1(P.F.2)/11 ਮਿਤੀ, ਚੰਡੀਗੜ੍ਹ: 05.01.2023

ਇਸ ਦੀ ਇੱਕ ਕਾਪੀ ਪੰਜਾਬ ਸਰਕਾਰ ਦੇ ਸਮੂਹ ਵਿਸ਼ੇਸ ਮੁੱਖ ਸਕੱਤਰ, ਸਮੂਹ ਵਧੀਕ ਮੁੱਖ ਸਕੱਤਰ/ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ/ਪ੍ਰਬੰਧਕੀ ਸਕੱਤਰ ਸਾਹਿਬਾਨਜ਼ ਨੂੰ ਸੂਚਨਾ ਹਿੱਤ ਭੇਜੀ ਜਾਂਦੀ ਹੈ।

(ਹਰਨੇਕ ਸਿੰਘ)
ਅਧੀਨ ਸਕੱਤਰ, ਪ੍ਰੋਟੋਕੋਲ

ਨੰ. GAD-POLOCELB/4/2019-I POL-1(P.F.2)/12 ਮਿਤੀ, ਚੰਡੀਗੜ੍ਹ: 04.01.2023

ਇਸ ਦੀ ਇੱਕ ਕਾਪੀ ਪ੍ਰਮੁੱਖ ਸਕੱਤਰ/ਰਾਜਪਾਲ ਪੰਜਾਬ ਜੀ, ਵਧੀਕ ਮੁੱਖਵ ਸਕੱਤਰ/ਮੁੱਖ ਮੰਤਰੀ ਪੰਜਾਬ ਜੀ ਅਤੇ ਸਕੱਤਰ/ਨਿੱਜੀ ਸਕੱਤਰ ਟੂ ਸਪੀਕਰ/ਡਿਪਟੀ ਸਪੀਕਰ, ਪੰਜਾਬ ਵਿਧਾਨ ਸਭਾ ਅਤੇ ਮੰਤਰੀ ਸਾਹਿਬਾਨਜ਼ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਰਾਜਪਾਲ ਪੰਜਾਬ ਜੀ, ਮੁੱਖ ਮੰਤਰੀ ਪੰਜਾਬ ਜੀ, ਸਪੀਕਰ/ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਅਤੇ ਮੰਤਰੀ ਸਾਹਿਬਾਨਜ਼ ਜੀ ਦੇ ਰਾਸ਼ਟਰੀ ਝੰਡਾ ਲਹਿਰਾਉਣ ਅਤੇ ਸਲਾਮੀ ਲੈਣ ਬਾਰੇ ਸਮਾਰੋਹਾਂ ਦੇ ਪ੍ਰੋਗਰਾਮਾਂ ਦੇ ਵੇਰਵੇ ਲਈ ਉਹ ਕ੍ਰਿਪਾ ਕਰਕੇ ਸਬੰਧਤ ਡਿਪਟੀ ਕਮਿਸ਼ਨਰ/ਜਿਲ੍ਹਾ ਅਧਿਕਾਰੀਆਂ ਨਾਲ ਪੱਤਰ ਵਿਹਾਰ ਕਰਨ ਦੀ ਖੇਚਲ ਕਰਨ।

4-1-23

(ਹਰਨੇਕ ਸਿੰਘ)
ਅਧੀਨ ਸਕੱਤਰ, ਪ੍ਰੋਟੋਕੋਲ

ਨੰ. GAD-POLOCELB/4/2019-I POL-1(P.F.2)/13 ਮਿਤੀ, ਚੰਡੀਗੜ੍ਹ: 04.01.2023

ਇੱਕ ਕਾਪੀ ਸਕੱਤਰ, ਪੰਜਾਬ ਵਿਧਾਨ ਸਭਾ, ਚੰਡੀਗੜ੍ਹ ਨੂੰ ਸੂਚਨਾ ਹਿਤ ਭੇਜੀ ਜਾਂਦੀ ਹੈ।

4-1-23

(ਹਰਨੇਕ ਸਿੰਘ)
ਅਧੀਨ ਸਕੱਤਰ, ਪ੍ਰੋਟੋਕੋਲ

ਨੰ. GAD-POLOCELB/4/2019-I POL-1(P.F.2)/14 ਮਿਤੀ, ਚੰਡੀਗੜ੍ਹ: 04.01.2023

ਇੱਕ ਕਾਪੀ ਨਿੱਜੀ ਸਕੱਤਰ/ਮੁੱਖ ਸਕੱਤਰ, ਪੰਜਾਬ ਨੂੰ ਸੂਚਨਾ ਹਿਤ ਭੇਜੀ ਜਾਂਦੀ ਹੈ।

4-1-23

(ਹਰਨੇਕ ਸਿੰਘ)
ਅਧੀਨ ਸਕੱਤਰ, ਪ੍ਰੋਟੋਕੋਲ